# ਮਾਁ ਸ਼ੇਰਾਂਵਾਲਿਯੇ

ਚੰਨ ਤੇ ਸਿਤਾਰੇ ਅੰਬੇ, "ਚੁੰਨੀ ਨੂੰ ਲਗਾ ਕੇ" ।
ਸ਼ਰਧਾ ਦੇ ਨਾਲ ਤੇਰੀ, "ਜੋਤ ਨੂੰ ਜਗਾ ਕੇ" ॥
ਚੰਨ ਤੇ ਸਿਤਾਰੇ ਅੰਬੇ, ਚੁੰਨੀ ਨੂੰ ਲਗਾ ਕੇ,
ਸ਼ਰਧਾ ਦੇ ਨਾਲ, ਤੇਰੀ ਜੋਤ ਨੂੰ ਜਗਾ ਕੇ,
ਅਸੀਂ, ਰੱਜ ਰੱਜ ਦਰਸ਼ਨ ਪਾਉਣਾ,
ਸੁਣ ਮਾਂ ਸ਼ੇਰਾਂਵਾਲੀਏ,
ਤੇਰਾ ਸਾਰੀ ਰਾਤ,,, ਜੈ ਹੋ ||, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ ।
( ਤੇਰਾ ਸਾਰੀ ਰਾਤ, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ )

ਲੈ ਕੇ, ਆਸਰਾ ਮਾਂ ਤੇਰਾ, "ਕੀਤੀ ਜੋਤ ਪ੍ਰਚੰਡ" ।
ਹੋਇਆ, ਜਾਗਰਣ ਸ਼ੁਰੂ, "ਵੱਜੇ ਛੈਣੇ ਮਿਰਦੰਗ" ॥
ਭਗਤਾਂ ਨੇ, ਅੰਬੇ ਰਾਣੀ, ਵਿਧੀ ਅਨੁਸਾਰ ॥,
ਪਹਿਲਾਂ, ਆਦਿ ਗਣੇਸ਼ ਮਨਾਉਣਾ,
ਸੁਣ ਮਾਂ ਸ਼ੇਰਾਂਵਾਲੀਏ,
ਤੇਰਾ ਸਾਰੀ ਰਾਤ,,, ਜੈ ਹੋ ||, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ ।
( ਤੇਰਾ ਸਾਰੀ ਰਾਤ, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ )

ਜਿਵੇਂ ਧਿਆਨੂੰ ਜੇਹੇ, ਲਾਲ ਦੇ ਤੂੰ, "ਭਾਗ ਮਈਆ ਖੋਲ੍ਹੇ" ।
ਅੱਜ ਸਾਨੂੰ ਵੀ, ਮਾਂ ਤਾਰ ਦੇ ਕੇ, "ਠੰਡੇ ਠੰਡੇ ਝੋਲ੍ਹੇ" ॥
ਸ਼ਰਧਾ ਦੇ, ਫ਼ੁੱਲ ਮਈਆ, ਕਰ ਲੈ ਕਬੂਲ ॥,
ਅਸੀਂ ਹੋਰ ਕੀ, ਗਰੀਬਾਂ ਨੇ ਚੜ੍ਹਾਉਣਾ,
ਸੁਣ ਮਾਂ ਸ਼ੇਰਾਂਵਾਲੀਏ,
ਤੇਰਾ ਸਾਰੀ ਰਾਤ,,, ਜੈ ਹੋ ||, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ ।
( ਤੇਰਾ ਸਾਰੀ ਰਾਤ, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ )

ਰਾਹਾਂ ਤੇਰੀਆਂ ਨੂੰ ਵੇਖ, "ਥੱਕੇ ਭਗਤਾਂ ਦੇ ਨੈਣ" ।
ਦੇ ਜਾ ਆਣ ਕੇ ਦੀਦਾਰ, "ਬੀਤ ਜਾਏ ਨਾ ਏਹ ਰੈਣ" ॥
ਭਗਤਾਂ ਦੇ, ਸੰਗ ਤੈਨੂੰ, ਕਰਮਾ ਪੁਕਾਰੇ ॥,
ਜੱਸ, ਤੇਰਾ ਸਰਦੂਲ ਨੇ ਹੈ ਗਾਉਣਾ,
ਸੁਣ ਮਾਂ ਸ਼ੇਰਾਂਵਾਲੀਏ,
ਤੇਰਾ ਸਾਰੀ ਰਾਤ,,, ਜੈ ਹੋ ||, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ ।
( ਤੇਰਾ ਸਾਰੀ ਰਾਤ, ਜਗਨ ਰਚਾਉਣਾ,
ਸੁਣ ਮਾਂ ਸ਼ੇਰਾਂਵਾਲੀਏ )

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27658/title/maa-sherawaliye

अपने Android मोबाइल पर BhajanGanga App डाउनलोड करें और भजनों का आनंद ले |